بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَ نُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ
لَآ اِلٰہَ اِلَّا اللّٰہُ مُحَمَّدٌ رَّسُوۡلُ اللّٰہِ
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

Mob: +919682536974, E-Mail: ansarullah@qadian.in ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਵਕ਼ਫ਼ਿ ਜਦੀਦ ਦੇ ਸਤਾਹਠਵੇਂ (67 ਵੇਂ) ਸਾਲ ਦੇ ਦੌਰਾਨ ਜਮਾਅਤ ਦੇ ਲੋਕਾਂ ਵੱਲੋਂ ਪੇਸ਼ ਕੀਤੀਆਂ ਜਾਣ ਵਾਲੀਆਂ ਮਾਲੀ ਕ਼ੁਰਬਾਨੀਆਂ ਦਾ ਜ਼ਿਕਰ ਅਤੇ ਅਠਾਹਠਵੇਂ (68 ਵੇਂ) ਸਾਲ ਦੇ ਆਰੰਭ ਦੀ ਘੋਸ਼ਣਾ

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 03 ਜਨਵਰੀ 2025 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ ۞ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ ۞ بِسْمِ اللّٰهِ الرَّحْمٰنِ الرَّحِيْمِ ۞ اَلْحَمْدُ لِلّٰهِ رَبِّ الْعٰلَمِيْنَ ۞ اَلرَّحْمٰنِ الرَّحِيْمِ ۞ مٰلِكِ يَوْمِ الدِّيْنِ ۞ إِيَّاكَ نَعْبُدُ وَإِيَّاكَ نَسْتَعِيْنُ ۞ إِهْدِنَا الصِّرَاطَ الْمُسْتَقِيْمَ ۞ صِرَاطَ الَّذِيْنَ أَنْعَمْتَ عَلَيْهِمْ ۙ غَيْرِ الْمَغْضُوْبِ عَلَيْهِمْ وَلَا الضَّآلِّيْنَ ۞

ਤਸ਼ੱਹੁਦ, ਤਅੱਵੁਜ਼, ਸੂਰਤ ਫ਼ਾਤਿਹਾ ਅਤੇ ਸੂਰਤ ਆਲਿ ਇਮਰਾਨ ਦੀ ਆਇਤ 93 ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਆਇਤ ਦਾ ਅਨੁਵਾਦ ਕਰਦੇ ਹੋਏ ਫ਼ਰਮਾਇਆ ਤੁਸੀਂ ਪੂਰਨ ਨੇਕੀ ਨੂੰ ਹਰਗਿਜ਼ ਨਹੀਂ ਪਾ ਸਕਦੇ ਜਦ ਤੱਕ ਆਪਣੀਆਂ ਪਸੰਦੀਦਾ ਚੀਜ਼ਾਂ ਵਿੱਚੋਂ ਖ਼ੁਦਾ ਤਆਲਾ ਦੀ ਰਾਹ ਵਿੱਚ ਖ਼ਰਚ ਨਾ ਕਰੋ ਅਤੇ ਜਿਹੜੀ ਵੀ ਚੀਜ਼ ਤੁਸੀਂ ਖ਼ਰਚ ਕਰੋ, ਅੱਲਾਹ ਉਸਨੂੰ ਚੰਗੀ ਤਰ੍ਹਾਂ ਜਾਣਦਾ ਹੈ। ਫ਼ਰਮਾਇਆ, ਇੱਕ ਸੱਚਾ ਮੋਮਿਨ ਜਿਹੜਾ ਅੱਲਾਹ ਤਆਲਾ ਦੀ ਰਾਹ ਦੀ ਭਾਲ ਵਿੱਚ ਰਹਿੰਦਾ ਹੈ, ਉਸਨੂੰ ਉਨ੍ਹਾਂ ਰਾਹਾਂ ਦੀ ਭਾਲ ਕਰਦੇ ਰਹਿਣਾ ਚਾਹੀਦਾ ਹੈ ਜਿਹੜੀਆਂ ਅੱਲਾਹ ਤਆਲਾ ਦੀ ਨੇੜਤਾ ਪਾਉਣ ਦੀਆਂ ਰਾਹਾਂ ਹਨ। ਅੱਲਾਹ ਤਆਲਾ ਦੀ ਰਾਹ ਵਿੱਚ ਮਾਲ ਖ਼ਰਚ ਕਰਨ ਨੂੰ ਵੀ ਅੱਲਾਹ ਤਆਲਾ ਨੇ ਇੱਕ ਨੇਕੀ ਕ਼ਰਾਰ ਦਿੱਤਾ ਹੈ। ਇਸ ਆਇਤ ਵਿੱਚ ਵੀ ਇਹੀ ਵਿਸ਼ਾ ਹੈ ਕਿ ਉਹ ਮਾਲ ਜਿਸਨੂੰ ਤੁਸੀਂ ਮੁਹੱਬਤ ਕਰਦੇ ਹੋ ਜੇਕਰ ਉਹ ਖ਼ੁਦਾ ਦੀ ਰਾਹ ਵਿੱਚ ਖ਼ਰਚ ਕਰੋਗੇ ਤਾਂ ਇਹ ਬੜੀ ਨੇਕੀ ਹੋਵੇਗੀ। ਬੇਸ਼ੱਕ ਅੱਲਾਹ ਤਆਲਾ ਹਰ ਨੇਕੀ ਦਾ ਬਦਲਾ ਦਿੰਦਾ ਹੈ, ਪਰ ਇਨਸਾਨ ਨੂੰ ਕਿਉਂਕਿ ਮਾਲ ਨਾਲ਼ ਮੁਹੱਬਤ ਹੁੰਦੀ ਹੈ ਇਸ ਲਈ ਇਸ ਵੱਲ ਖ਼ਾਸ ਧਿਆਨ ਦਵਾਇਆ ਗਿਆ ਹੈ।

ਹਜ਼ਰਤ ਮਸੀਹ ਮੌਊਦ ਅਲੈਹਿਸ੍ ਸਲਾਤੋ ਵਸ੍-ਸਲਾਮ ਨੇ ਇਸ ਆਇਤ ਦੇ ਬਾਰੇ ਫ਼ਰਮਾਇਆ ਹੈ ਕਿ ਮਾਲ ਨਾਲ਼ ਮੁਹੱਬਤ ਨਹੀਂ ਹੋਣੀ ਚਾਹੀਦੀ। ਅੱਲਾਹ ਤਆਲਾ ਫ਼ਰਮਾਉਂਦਾ ਹੈ ਕਿ ਤੁਸੀਂ ਹਰਗਿਜ਼ ਨੇਕੀ ਨੂੰ ਨਹੀਂ ਪਾ ਸਕਦੇ ਜਦ ਤੱਕ ਉਨ੍ਹਾਂ ਚੀਜ਼ਾਂ ਵਿੱਚੋਂ ਅੱਲਾਹ ਦੀ ਰਾਹ ਵਿੱਚ ਖ਼ਰਚ ਨਾ ਕਰੋ ਜਿਨ੍ਹਾਂ ਨਾਲ਼ ਤੁਸੀਂ ਪਿਆਰ ਕਰਦੇ ਹੋ। ਜੇਕਰ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਜ਼ਮਾਨੇ ਦੇ ਨਾਲ਼ ਇਸ ਜ਼ਮਾਨੇ ਦਾ ਮੁਕ਼ਾਬਲਾ ਕੀਤਾ ਜਾਵੇ ਤਾਂ ਅਫ਼ਸੋਸ ਹੁੰਦਾ ਹੈ ਕਿਉਂਕਿ ਜਾਨ ਤੋਂ ਜ਼ਿਆਦਾ ਕੋਈ ਚੀਜ਼ ਪਿਆਰੀ ਨਹੀਂ, ਅਤੇ ਉਸ ਜ਼ਮਾਨੇ ਵਿੱਚ ਜਾਨ ਹੀ ਦੇਣੀ ਪੈਂਦੀ ਸੀ। ਤੁਹਾਡੇ ਵਾਂਗ ਉਹ ਵੀ ਬੀਵੀ ਅਤੇ ਬੱਚਿਆਂ ਵਾਲ਼ੇ ਸਨ, ਜਾਨ ਸਭ ਨੂੰ ਪਿਆਰੀ ਲਗਦੀ ਹੈ, ਪਰ ਉਹ ਹਮੇਸ਼ਾ ਇਸ ਗੱਲ ਦੀ ਲਾਲਸਾ ਵਿੱਚ ਰਹਿੰਦੇ ਸਨ ਕਿ ਮੌਕ਼ਾ ਮਿਲ਼ੇ ਤਾਂ ਅੱਲਾਹ ਤਆਲਾ ਦੀ ਰਾਹ ਵਿੱਚ ਕੁਰਬਾਨ ਕਰ ਦੇਣ। ਹਜ਼ੂਰ ਅਲੈਹਿਸ੍ ਸਲਾਤੋ ਵਸ੍-ਸਲਾਮ ਨੇ ਫ਼ਰਮਾਇਆ ਬੇਕਾਰ ਅਤੇ ਨਿਕੱਮੀਆਂ ਚੀਜ਼ਾਂ ਨੂੰ ਖ਼ਰਚ ਕਰਨ ਨਾਲ਼ ਕੋਈ ਇਨਸਾਨ ਨੇਕੀ ਦਾ ਦਾਅਵਾ ਨਹੀਂ ਕਰ ਸਕਦਾ। ਨੇਕੀ ਦਾ ਬੂਹਾ ਭੀੜਾ ਹੈ। ਬਸ ਇਹ ਗੱਲ ਦਿਮਾਗ਼ ਵਿੱਚ ਰੱਖ ਲਓ ਕਿ ਨਿਕੱਮੀਆਂ ਚੀਜ਼ਾਂ ਨੂੰ ਖ਼ਰਚ ਕਰਨ ਨਾਲ਼ ਕੋਈ ਉਸ ਵਿੱਚ ਦਾਖ਼ਿਲ ਨਹੀਂ ਹੋ ਸਕਦਾ ਕਿਉਂਕਿ ਸਪਸ਼ਟ ਹੈ ਕਿ لَنۡ تَنَالُوا الۡبِرَّ حَتّٰی تُنۡفِقُوۡا مِمَّا تُحِبُّوۡنَ। ਜਦ ਤੱਕ ਅਜ਼ੀਜ਼ ਤਰੀਨ ਅਤੇ ਪਿਆਰੀ ਤੋਂ ਪਿਆਰੀ ਚੀਜ਼ ਨੂੰ ਖ਼ਰਚ ਨਹੀਂ ਕਰੋਗੇ ਉਦੋਂ ਤੱਕ ਮਹਿਬੂਬ ਅਤੇ ਅਜ਼ੀਜ਼ ਹੋਣ ਦਾ ਦਰਜਾ ਨਹੀਂ ਮਿਲ਼ ਸਕਦਾ। ਆਪ ਅਲੈਹਿਸ੍ ਸਲਾਤੋ ਵਸ੍-ਸਲਾਮ ਫ਼ਰਮਾਉਂਦੇ ਹਨ ਕਿ ਕੀ ਸਹਾਬਾ ਕਰਾਮ ਰਿਜ਼ਵਾਨੁੱਲਾਹਿ ਅਲਈਹਿਮ੍ ਅਜ੍ਮਈਨ ਮੁਫ਼ਤ ਵਿੱਚ ਇਸ ਦਰਜੇ ਤੱਕ ਪਹੁੰਚ ਗਏ? ਦੁਨਿਆਵੀ ਖ਼ਿਤਾਬਾਂ ਦੇ ਹਾਸਿਲ

ਕਰਨ ਦੇ ਲਈ ਕਿਸ ਤਰ੍ਹਾਂ ਖ਼ਰਚੇ ਅਤੇ ਤਕਲੀਫ਼ਾਂ ਬਰਦਾਸ਼ਤ ਕਰਨੀਆਂ ਪੈਂਦੀਆਂ ਹਨ, ਤਦ ਕਿਤੇ ਜਾ ਕੇ ਇੱਕ ਮਾਮੂਲੀ ਖ਼ਿਤਾਬ, ਜਿਸ ਨਾਲ਼ ਦਿਲੀ ਸੰਤੁਸ਼ਟੀ ਅਤੇ ਸਕੂਨ ਹਾਸਿਲ ਨਹੀਂ ਹੋ ਸਕਦਾ, ਮਿਲ਼ਦਾ ਹੈ। ਫਿਰ ਖ਼ਿਆਲ ਕਰੋ ਕਿ “ਰਜ਼ਿ ਅੱਲਾਹੁ ਅਨਹੁਮ” ਦਾ ਖ਼ਿਤਾਬ ਜਿਹੜਾ ਦਿਲ ਦੀ ਤਸੱਲੀ ਅਤੇ ਹਿਰਦੇ ਦੀ ਸੰਤੁਸ਼ਟੀ ਅਤੇ ਮੌਲਾ ਕਰੀਮ ਦੀ ਰਜ਼ਾਮੰਦੀ ਦਾ ਨਿਸ਼ਾਨ ਹੈ, ਇੱਦਾਂ ਹੀ ਅਸਾਨੀ ਨਾਲ਼ ਮਿਲ਼ ਗਿਆ? ਫ਼ਰਮਾਇਆ, ਖ਼ੁਦਾ ਠੱਗਿਆ ਨਹੀਂ ਜਾ ਸਕਦਾ, ਮੁਬਾਰਕ ਹਨ ਉਹ ਲੋਕ ਜਿਹੜੇ ਰਜ਼ਾਇ ਇਲਾਹੀ ਦੇ ਹਸੂਲ ਲਈ ਤਕਲੀਫ਼ ਦੀ ਪਰਵਾਹ ਨਾ ਕਰਨ। ਕਿਉਂਕਿ ਸਦੀਵੀ ਖ਼ੁਸ਼ੀ ਅਤੇ ਸਥਾਈ ਅਰਾਮ ਦਾ ਚਾਨਣ ਇਸ ਅਸਥਾਈ ਤਕਲੀਫ਼ ਦੇ ਬਾਅਦ ਹੀ ਮੋਮਿਨ ਨੂੰ ਮਿਲ਼ਦਾ ਹੈ। ਦੁਨੀਆ ਵਿੱਚ ਇਨਸਾਨ ਮਾਲ ਨਾਲ਼ ਬਹੁਤ ਮੁਹੱਬਤ ਕਰਦਾ ਹੈ, ਇਸੇ ਲਈ ਸੁਪਨ ਫਲ ਦੇ ਗਿਆਨ (علم تعبیر الرؤیا) ਵਿੱਚ ਲਿਖਿਆ ਹੈ ਕਿ ਜੇਕਰ ਕੋਈ ਵਿਅਕਤੀ ਖ਼ਾਬ ਵਿੱਚ ਦੇਖੇ ਕਿ ਉਸਨੇ ਜਿਗਰ ਕੱਢ ਕੇ ਕਿਸੇ ਨੂੰ ਦਿੱਤਾ ਹੈ ਤਾਂ ਇਸ ਤੋਂ ਮੁਰਾਦ ਮਾਲ ਹੈ।

ਅੱਜ ਜਮਾਅਤ ਅਹਮਦਿੱਯਾ ਦੇ ਲੋਕਾਂ ਨੇ ਇਸ ਰਾਜ਼ ਨੂੰ ਸਹੀ ਤਰ੍ਹਾਂ ਸਮਝ ਲਿਆ ਹੈ ਕਿ ਹਕ਼ੀਕ਼ੀ ਨੇਕੀ ਤੱਕ ਪਹੁੰਚਣ ਲਈ ਉਸ ਮਾਲ ਨੂੰ ਖ਼ਰਚ ਕਰਨਾ ਜ਼ਰੂਰੀ ਹੈ ਜਿਹੜਾ ਸਭ ਤੋਂ ਜ਼ਿਆਦਾ ਪਿਆਰਾ ਹੈ। ਇਹ ਯਕ਼ੀਨਨ ਹਜ਼ਰਤ ਮਸੀਹ ਮੌਊਦ ਅਲੈਹਿਸ੍ ਸਲਾਤੋ ਵਸ੍-ਸਲਾਮ ਦੀ ਪਰਵਰਿਸ਼ ਦਾ ਅਸਰ ਹੈ ਕਿ ਅੱਜ ਤੱਕ ਕ਼ੁਰਬਾਨੀ ਦੇ ਉਹ ਮਿਆਰ ਅਸੀਂ ਦੇਖਦੇ ਆ ਰਹੇ ਹਾਂ, ਜਿਹੜੇ ਸਹਾਬਾ ਰਿਜ਼ਵਾਨੁੱਲਾਹਿ ਅਲਈਹਿਮ੍ ਅਜ੍ਮਈਨ ਨੇ ਕ਼ਾਇਮ ਕੀਤੇ ਸਨ ਅਤੇ ਫਿਰ ਜਿਨ੍ਹਾਂ ਨੂੰ ਹਜ਼ਰਤ ਮਸੀਹ ਮੌਊਦ ਅਲੈਹਿਸ੍ ਸਲਾਤੋ ਵਸ੍-ਸਲਾਮ ਦੇ ਜ਼ਮਾਨੇ ਵਿੱਚ ਆਪ ਦੇ ਸਹਾਬਾ ਰਿਜ਼ਵਾਨੁੱਲਾਹਿ ਅਲਈਹਿਮ੍ ਅਜ੍ਮਈਨ ਨੇ ਕ਼ਾਇਮ ਕੀਤਾ। ਫਿਰ ਉਸਦੇ ਬਾਅਦ ਖ਼ਿਲਾਫ਼ਤ ਦੇ ਹਰ ਦੌਰ ਵਿੱਚ ਇਹ ਕ਼ੁਰਬਾਨੀਆਂ ਅਸੀਂ ਦੇਖਦੇ ਆ ਰਹੇ ਹਾਂ। ਅੱਜ ਤੱਕ ਇਹੀ ਕ਼ੁਰਬਾਨੀਆਂ ਸਾਨੂੰ ਨਜ਼ਰ ਆ ਰਹੀਆਂ ਹਨ।

ਹਜ਼ਰਤ ਮਸੀਹ ਮੌਊਦ ਅਲੈਹਿਸ੍ ਸਲਾਤੋ ਵਸ੍-ਸਲਾਮ ਫ਼ਰਮਾਉਂਦੇ ਹਨ ਮੈਂ ਯਕ਼ੀਨਨ ਸਮਝਦਾ ਹਾਂ ਕਿ ਕੰਜੂਸੀ ਅਤੇ ਈਮਾਨ ਇੱਕ ਦਿਲ ਵਿੱਚ ਜਮ੍ਹਾ ਨਹੀਂ ਹੋ ਸਕਦੇ। ਕ਼ੌਮ ਨੂੰ ਚਾਹੀਦਾ ਹੈ ਕਿ ਹਰ ਤਰ੍ਹਾਂ ਇਸ ਸਿਲਸਿਲੇ ਦੀ ਸੇਵਾ ਕਰੇ। ਮਾਲੀ ਤੌਰ ‘ਤੇ ਵੀ ਸੇਵਾ ਵਿੱਚ ਕੋਈ ਅਣਗਿਹਲੀ ਨਹੀਂ ਹੋਣੀ ਚਾਹੀਦੀ। ਦੇਖੋ! ਦੁਨੀਆ ਵਿੱਚ ਕੋਈ ਵੀ ਸਿਲਸਿਲਾ ਬਗ਼ੈਰ ਚੰਦੇ ਦੇ ਨਹੀਂ ਚੱਲਦਾ। ਸਭ ਰਸੂਲਾਂ ਦੇ ਵੇਲ਼ੇ ਚੰਦੇ ਜਮ੍ਹਾ ਕੀਤੇ ਗਏ। ਬਸ ਸਾਡੀ ਜਮਾਅਤ ਦੇ ਲੋਕਾਂ ਨੂੰ ਇਸ ਗੱਲ ਦਾ ਖ਼ਿਆਲ ਜ਼ਰੂਰੀ ਹੈ। ਇਸ ਬਾਰੇ ਹਜ਼ੂਰ ਅਨਵਰ ਨੇ ਹਜ਼ਰਤ ਖ਼ਲੀਫ਼-ਤੁਲ-ਮਸੀਹ ਅੱਵਲ ਰਜ਼ਿ ਅੱਲਾਹੁ ਅਨਹੁ ਦੀ ਕ਼ੁਰਬਾਨੀਆਂ ਦੇ ਬਾਰੇ ਹਜ਼ਰਤ ਮਸੀਹ ਮੌਊਦ ਅਲੈਹਿਸ੍ ਸਲਾਤੋ ਵਸ੍-ਸਲਾਮ ਦੇ ਕੁੱਝ ਇਰਸ਼ਾਦ ਪੇਸ਼ ਕੀਤੇ। ਹਜ਼ਰਤ ਖ਼ਲੀਫ਼-ਤੁਲ-ਮਸੀਹ ਅੱਵਲ ਰਜ਼ਿ ਅੱਲਾਹੁ ਅਨਹੁ ਨੇ ਇੱਕ ਮੌਕ਼ੇ ‘ਤੇ ਹਜ਼ੂਰ ਅਲੈਹਿਸ੍ ਸਲਾਤੋ ਵਸ੍-ਸਲਾਮ ਨੂੰ ਲਿਖਿਆ ਕਿ ਹਜ਼ਰਤ ਪੀਰੋ ਮੁਰਸ਼ਿਦ ਮੈਂ ਪੂਰਨ ਸੱਚ ਨਾਲ਼ ਅਰਜ਼ ਕਰਦਾ ਹਾਂ ਕਿ ਮੇਰਾ ਸਾਰ ਮਾਲ ਦੌਲਤ ਜੇਕਰ ਦੀਨ ਦੇ ਪ੍ਰਚਾਰ ਵਿੱਚ ਖ਼ਰਚ ਹੋ ਜਾਵੇ ਤਾਂ ਮੈਂ ਮੁਰਾਦ ਨੂੰ ਪਹੁੰਚ ਗਿਆ।

ਹਜ਼ਰਤ ਖ਼ਲੀਫ਼-ਤੁਲ-ਮਸੀਹ ਸਾਨੀ ਰਜ਼ਿ ਅੱਲਾਹੁ ਅਨਹੁ ਨੇ ਜਦੋਂ ਵਕ਼ਫ਼ਿ ਜਦੀਦ ਅਤੇ ਤਹਰੀਕਿ ਜਦੀਦ ਦੀਆਂ ਤਹਰੀਕਾਂ ਕੀਤੀਆਂ ਤਾਂ ਕੁੱਝ ਬਹੁਤ ਗ਼ਰੀਬ ਲੋਕਾਂ ਨੇ ਥੋੜੀਆਂ ਥੋੜੀਆਂ ਰਕ਼ਮਾਂ ਪੇਸ਼ ਕੀਤੀਆਂ, ਕੋਈ ਮੁਰਗ਼ੀ ਲੈ ਆਇਆ, ਕੋਈ ਆਂਡੇ ਲੈ ਆਇਆ ਕਿ ਸਾਡੇ ਕੋਲ਼ ਜੋ ਕੁੱਝ ਸੀ ਅਸੀਂ ਪੇਸ਼ ਕਰ ਦਿੱਤਾ। ਇਸੇ ਬਾਰੇ ਹਜ਼ੂਰ ਅਨਵਰ ਨੇ ਹਜ਼ਰਤ ਖ਼ਲੀਫ਼ਾ ਰਸ਼ੀਦੁਦ ਦੀਨ ਰਜ਼ਿ ਅੱਲਾਹੁ ਅਨਹੁ ਦੀਆਂ ਮਾਲੀ ਕ਼ੁਰਬਾਨੀਆਂ ਦੀ ਤਫ਼ਸੀਲ ਬਿਆਨ ਕੀਤੀ ਅਤੇ ਸਹਾਬਾ ਕਰਾਮ ਅਤੇ ਬਜ਼ੁਰਗਾਂ ਦੀਆਂ ਕੁੱਝ ਰਿਵਾਇਤਾਂ ਪੇਸ਼ ਕਰਨ ਦੇ ਬਾਅਦ ਫ਼ਰਮਾਇਆ, ਅੱਜ ਵੀ ਸਾਨੂੰ ਇਹ ਨਮੂਨੇ ਥਾਂ ਥਾਂ ਮਿਲ਼ਦੇ ਹਨ। ਇਹ ਰੂਹ ਅੱਜ ਵੀ ਸਾਨੂੰ ਅਹਮਦੀਆਂ ਵਿੱਚ ਨਜ਼ਰ ਆਉਂਦੀ ਹੈ। ਇਸਦੇ ਬਾਅਦ ਹਜ਼ੂਰ ਅਨਵਰ ਨੇ ਮਾਰਸ਼ਲ ਆਈ ਲੈਂਡ, ਕ਼ਾਜ਼ਕ਼ਸਤਾਨ, ਕੈਮਰੂਨ, ਨਾਇਜੀਰਿਆ, ਗੈਮਬੀਆ, ਤਨਜ਼ਾਨੀਆ ਅਤੇ ਚੈਂਕ ਰਿ-ਪਬਲਿਕ ਆਦਿ ਮੁਲਕਾਂ ਦੇ ਕੁੱਝ ਇਖ਼ਲਾਸ ਅਤੇ ਕ਼ੁਰਬਾਨੀਆਂ ਦੇ ਵਾਕ਼ੇ ਪੇਸ਼ ਕੀਤੇ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਹਿੰਦੁਸਤਾਨ ਦੇ ਇੱਕ ਇੰਸਪੈਕਟਰ ਸਾਹਿਬ ਲਿਖਦੇ ਹਨ ਕਿ ਇੱਕ ਦੋਸਤ ਹਨ ਉਨ੍ਹਾਂ ਦਾ ਵਕ਼ਫ਼ਿ ਜਦੀਦ ਦਾ ਚੰਦਾ ਚੌਵੀ ਹਜ਼ਾਰ (24 ਹਜ਼ਾਰ) ਸੀ ਅਤੇ ਕੁੱਝ ਹੀ ਦਿਨ ਬਚੇ ਸਨ। ਉਨ੍ਹਾਂ ਕੋਲ਼ ਕੁੱਝ ਰਕ਼ਮ ਸੀ ਜਿਹੜੀ ਉਨ੍ਹਾਂ ਨੇ ਇੱਕ ਅਹਿਮ ਕੰਮ ਲਈ ਰੱਖੀ ਸੀ। ਉਨ੍ਹਾਂ ਨੇ ਅੱਲਾਹ ਤੇ ਭਰੋਸਾ ਕਰਦੇ ਹੋਏ ਰਕ਼ਮ ਚੰਦੇ ਵਿੱਚ ਅਦਾ ਕਰ ਦਿੱਤੀ। ਦੂਸਰੇ ਦਿਨ ਹੀ ਉਨ੍ਹਾਂ ਨੂੰ ਕਾਰੋਬਾਰ ਦੀ ਇੱਕ ਬਹੁਤ ਵੱਡੀ ਰਕ਼ਮ ਜਿਹੜੀ ਕਿਤੇ ਫਸੀ ਹੋਈ ਸੀ,

ਅਚਾਨਕ ਮਿਲ਼ ਗਈ। ਤਾਂ ਦੇਖੋ ਅੱਲਾਹ ਤਆਲਾ ਨੇ ਉਸਨੂੰ ਕਿਹਾ ਕਿ ਅੱਛਾ! ਤੂੰ ਮੇਰੀ ਖ਼ਾਤਿਰ ਮਾਲ ਦੀ ਮੁਹੱਬਤ ਨੂੰ ਛੱਡ ਰਿਹਾ ਹੈਂ ਅਤੇ ਨਿੱਜੀ ਲੋੜਾਂ ਨੂੰ ਛੱਡ ਰਿਹਾ ਹੈਂ ਅਤੇ ਜਮਾਅਤੀ ਲੋੜਾਂ ਨੂੰ ਪੂਰੀਆਂ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈਂ, ਤਾਂ ਮੈਂ ਤੇਰੀ ਮਦਦ ਕਰਦਾ ਹਾਂ। ਤਾਂ ਇਸ ਤਰ੍ਹਾਂ ਅੱਲਾਹ ਤਆਲਾ ਮਦਦ ਕਰਦਾ ਹੈ। ਜਮਾਅਤ ਦੇ ਜਿਹੜੇ ਵੀ ਖ਼ਰਚੇ ਹੋ ਰਹੇ ਹਨ, ਸਾਡੇ ਦੁਨਿਆ ਭਰ ਵਿੱਚ ਜਿਹੜੇ ਮਿਸ਼ਨ ਹਨ, ਵਕ਼ਫ਼ਿ ਜਦੀਦ ਅਤੇ ਤਹਰੀਕਿ ਜਦੀਦ ਦੇ ਚੰਦੇ ਹੀ ਹਨ ਜਿਹੜੇ ਖ਼ਾਲਿਸ ਤੌਰ ‘ਤੇ ਮਰਕਜ਼ ਵਿੱਚ ਆਉਂਦੇ ਹਨ, ਬਾਕ਼ੀ ਤਾਂ ਆਪਣੇ ਆਪਣੇ ਮੁਲਕਾਂ ਵਿੱਚ ਹੀ ਖ਼ਰਚ ਹੋ ਜਾਂਦੇ ਹਨ, ਇਹ ਸਭ ਖ਼ਰਚੇ ਉਨ੍ਹਾਂ ਚੰਦਿਆਂ ਨਾਲ਼ ਹੀ ਹੋ ਰਹੇ ਹਨ। ਅਫ਼ਰੀਕ਼ੀ ਮੁਲਕ ਹਨ ਜਿੱਥੇ ਗ਼ਰੀਬੀ ਹੈ, ਭਾਂਵੇਂ ਕਿ ਉਹ ਚੰਦੇ ਦਿੰਦੇ ਹਨ ਪਰ ਗ਼ਰੀਬੀ ਦੀ ਵਜ੍ਹਾ ਨਾਲ਼ ਉੱਥੇ ਮਸਜਿਦਾਂ ਹਨ, ਮਿਸ਼ਨ ਹਨ, ਉਨ੍ਹਾਂ ਨੂੰ ਚਲਾਉਣ ਲਈ ਰਕ਼ਮ ਚਾਹੀਦੀ ਹੁੰਦੀ ਹੈ। ਅਫ਼ਰੀਕ਼ਾ ਵਿੱਚ ਇਸ ਵੇਲ਼ੇ 7953 ਮਸਜਿਦਾਂ ਬਣ ਚੁੱਕੀਆਂ ਹਨ ਅਤੇ 302 ਮਸਜਿਦਾਂ ਹਾਲੇ ਬਣ ਰਹੀਆਂ ਹਨ। 1860 ਮਿਸ਼ਨ ਹਾਊਸ ਕੰਮ ਕਰ ਰਹੇ ਹਨ। ਚਾਰ ਸੌ (400) ਮੁਬੱਲਿਗ਼ੀਨ ਅਤੇ ਦੋ ਹਜ਼ਾਰ (02 ਹਜ਼ਾਰ) ਤੋਂ ਵੱਧ ਮੁਅੱਲਿਮੀਨ ਕੰਮ ਕਰ ਰਹੇ ਹਨ। ਇਸੇ ਤਰ੍ਹਾਂ ਕਾਦੀਆਂ, ਸਾਊਥ ਅਮਰੀਕਾ, ਜਜ਼ਾਇਰ ਆਦਿ ਮੁਲਕਾਂ ਵਿੱਚ ਰਕ਼ਮ ਖ਼ਰਚ ਹੁੰਦੀ ਹੈ। ਲਿਟਰੇਚਰ ਦੀ ਛਪਾਈ ਅਤੇ ਵੰਡਾਈ ਦੇ ਖ਼ਰਚੇ ਹਨ। ਇਹ ਸਾਰੇ ਖ਼ਰਚੇ ਅੱਲਾਹ ਤਆਲਾ ਆਪਣੇ ਫ਼ਜ਼ਲ ਨਾਲ਼ ਪੂਰੇ ਕਰਦਾ ਹੈ।

ਅੱਲਾਹ ਤਆਲਾ ਨੇ ਹਜ਼ਰਤ ਮਸੀਹ ਮੌਊਦ ਅਲੈਹਿਸ੍ ਸਲਾਤੋ ਵਸ੍-ਸਲਾਮ ਨੂੰ ਇਹੀ ਫ਼ਰਮਾਇਆ ਸੀ ਕਿ ਮਾਲ ਤਾਂ ਮੈਂ ਤੁਹਾਨੂੰ ਦੇਵਾਂਗਾ ਅਤੇ ਉਹ ਉਸ ਵਾਅਦੇ ਦੇ ਮੁਤਾਬਿਕ਼ ਮਾਲ ਦੇ ਵੀ ਰਿਹਾ ਹੈ। ਅੱਲਾਹ ਤਆਲਾ ਜਮਾਅਤ ਨੂੰ ਤੌਫ਼ੀਕ਼ ਦੇਵੇ ਕਿ ਅਸੀਂ ਇਸਨੂੰ ਸਹੀ ਖ਼ਰਚ ਕਰ ਵੀ ਸਕਿਏ। ਅੱਲਾਹ ਤਆਲਾ ਸਹੀ ਖ਼ਰਚ ਕਰਨ ਦੀ ਤੌਫ਼ੀਕ਼ ਦੇਵੇ, ਕਦੀ ਇਸ ਵਿੱਚ ਕੋਈ ਬੇ ਕ਼ਾਇਦਗੀ ਨਾ ਹੋਵੇ। ਹਜ਼ੂਰ ਅਨਵਰ ਨੇ ਵਕ਼ਫ਼ਿ ਜਦੀਦ ਦੇ ਪਿਛਲੇ ਸਾਲ ਦੀ ਰਿਪੋਰਟ ਦੇ ਬਾਰੇ ਫ਼ਰਮਾਇਆ ਕਿ ਅੱਲਾਹ ਤਆਲਾ ਦੇ ਫ਼ਜ਼ਲ ਨਾਲ਼ ਵਕ਼ਫ਼ਿ ਜਦੀਦ ਦਾ ਸਤਾਹਠਵਾਂ ਸਾਲ ਖ਼ਤਮ ਹੋਇਆ ਹੈ। ਇਸ ਸਾਲ ਦੇ ਦੌਰਾਨ ਜਮਾਅਤ ਅਹਮਦਿੱਯਾ ਨੂੰ ਅੱਲਾਹ ਤਆਲਾ ਦੇ ਹਜ਼ੂਰ ਇੱਕ ਕਰੋੜ ਛੱਤੀ ਲੱਖ ਇਕਿਆਸੀ ਹਜ਼ਾਰ ਪਾਉਂਡ ਯਾਨੀ ਲੱਗ ਭੱਗ 14 ਮਿਲੀਅਨ ਦੀ ਮਾਲੀ ਕ਼ੁਰਬਾਨੀ ਪੇਸ਼ ਕਰਨ ਦੀ ਤੌਫ਼ੀਕ਼ ਮਿਲ਼ੀ। ਇਹ ਵਸੂਲੀ ਪਿਛਲੇ ਸਾਲ ਨਾਲੋਂ ਸੱਤ ਲੱਖ ਛੱਤੀ ਹਜ਼ਾਰ ਪਾਉਂਡ ਜ਼ਿਆਦਾ ਹੈ। ਅਤੇ ਸ਼ਾਮਿਲ ਹੋਣ ਵਾਲਿਆਂ ਦੀ ਤਾਅਦਾਦ 15 ਲੱਖ 51 ਹਜ਼ਾਰ ਹੈ। ਅਲਹਮਦੁ ਲਿੱਲਾਹ (الحمدللہ)।

ਵਸੂਲੀ ਦੇ ਲਿਹਾਜ਼ ਨਾਲ਼ ਪਹਿਲੀਆਂ ਦੱਸ ਜਮਾਅਤਾਂ: ਬਰਤਾਨੀਆ, ਕੈਨੇਡਾ, ਜਰਮਨੀ, ਅਮਰੀਕਾ, ਭਾਰਤ, ਆਸਟ੍ਰੇਲੀਆ, ਮਿਡਲ ਈਸਟ ਦੀ ਇੱਕ ਜਮਾਅਤ, ਇੰਡੋਨੇਸ਼ੀਆ, ਮਿਡਲ ਈਸਟ ਦੀ ਇੱਕ ਜਮਾਅਤ, ਬੈਲਜੀਅਮ।

ਸ਼ਾਮਿਲ ਹੋਣ ਵਾਲਿਆਂ ਦੀ ਤਾਅਦਾਦ ਦੇ ਲਿਹਾਜ਼ ਨਾਲ਼ ਉੱਘੀਆਂ ਜਮਾਅਤਾਂ: ਪਾਕਿਸਤਾਨ, ਨਾਇਜੀਰੀਆ, ਕੈਮਰੂਨ, ਸੈਰਾ ਲਿਓਨ, ਗੈਮਬੀਆ, ਕੌਂਗੋ ਬ੍ਰਾਜ਼ੀਲ।

ਭਾਰਤ ਦੇ ਪਹਿਲੇ ਦੱਸ ਸੂਬੇ: ਕੇਰਾਲਾ, ਤਾਮਿਲ ਨਾਡੂ, ਜੱਮੂ ਕਸ਼ਮੀਰ, ਕਰਨਾਟਕਾ, ਤਿਲੰਗਾਨਾ, ਉੜੀਸਾ, ਪੰਜਾਬ, ਵੈਸਟ ਬੰਗਾਲ, ਮਹਾਰਾਸ਼ਟਰ ਅਤੇ ਉੱਤਰ ਪ੍ਰਦੇਸ਼।

ਭਾਰਤ ਦੀਆਂ ਪਹਿਲੀਆਂ ਦੱਸ ਜਮਾਅਤਾਂ: ਕੋਇਮਬਾਟੂਰ, ਕਾਦੀਆਂ, ਹੈਦਰਾਬਾਦ, ਕਾਲੀ ਕਟ, ਮਨੇਜ੍ਰੀ, ਬੰਗਲੋਰ, ਮਾਲਾਪਾਲਾਇਮ, ਕਲਕੱਤਾ, ਕੇਰੰਗ ਅਤੇ ਕੈਰੋਲਾਈ।

ਹਜ਼ੂਰ ਅਨਵਰ ਨੇ ਫ਼ਰਮਾਇਆ, ਅੱਲਾਹ ਤਆਲਾ ਸਭ ਕ਼ੁਰਬਾਨੀ ਕਰਨ ਵਾਲਿਆਂ ਦੇ ਮਾਲ ਵਿੱਚ ਬੇ ਇੰਨਤਿਹਾ ਬਰਕਤ ਪਾਵੇ। ਨਵੇਂ ਸਾਲ ਦੇ ਬਾਰੇ ਦੁਆਵਾਂ ਦੀ ਤਹਰੀਕ ਕਰਦੇ ਹੋਏ ਫ਼ਰਮਾਇਆ, ਦੁਆ ਕਰੋ ਕਿ ਇਹ 2025 ਦਾ ਸਾਲ ਜਮਾਅਤ ਦੇ ਲਈ ਬਰਕਤਾਂ ਵਾਲ਼ਾ ਸਾਲ ਹੋਵੇ। ਅੱਲਾਹ ਤਆਲਾ ਜਮਾਅਤ ਨੂੰ ਹਰ ਖ਼ਤਰੇ ਤੋਂ ਸੁਰੱਖਿਅਤ ਰੱਖੇ। ਪਾਕਿਸਤਾਨ ਵਿੱਚ ਸ਼ਿੱਦਤ ਪਸੰਦ ਗਿਰੋਹ ਹਰ ਕ਼ਿਸਮ ਦਾ ਜ਼ੁਲਮ ਕਰਨ ਦੀ ਕੋਸ਼ਿਸ਼ ਕਰਦੇ ਰਹਿੰਦੇ ਹਨ। ਅੱਲਾਹ ਤਆਲਾ ਉਨ੍ਹਾਂ ਜ਼ਾਲਿਮਾਂ ਦੀ ਪਕੜ ਦੇ ਸਮਾਨ ਜਲਦ ਕਰੇ। ਅਹਮਦੀਆਂ ਨੂੰ ਅਪਣੀ ਸੁਰੱਖਿਆ ਵਿੱਚ ਰੱਖੇ। ਰਬਵਾ ਵਿੱਚ ਵੀ ਇਨ੍ਹਾਂ ਲੋਕਾਂ ਦੀ ਬੜੀ ਨਜ਼ਰ ਰਹਿੰਦੀ ਹੈ। ਉਸਦੀ ਹਿਫ਼ਾਜ਼ਤ ਵੀ ਅੱਲਾਹ ਤਆਲਾ ਫ਼ਰਮਾਉਂਦਾ ਰਹੇ। ਅਤੇ ਫ਼ਰਮਾਇਆ ਦਰੂਦ ਸ਼ਰੀਫ਼ ਅਤੇ ਕੁੱਝ ਦੁਆਵਾਂ ਵੱਲ ਕੁੱਝ ਅਰਸਾ ਪਹਿਲਾਂ ਮੈਂ ਧਿਆਨ ਦਵਾਇਆ ਸੀ।

ਇਸੇ ਤਰ੍ਹਾਂ ਪਾਕਿਸਤਾਨ, ਬੰਗਲਾ ਦੇਸ਼, ਸ਼ਾਮ, ਅਫ਼ਰੀਕ਼ਾ, ਅਤੇ ਦੂਸਰੇ ਮੁਲਕ ਹਨ, ਹਰ ਜਗ੍ਹਾ ਅੱਲਾਹ ਤਆਲਾ ਅਹਮਦੀਆਂ ਨੂੰ ਅਪਣੀ ਹਿਫ਼ਾਜ਼ਤ ਵਿੱਚ ਰੱਖੇ। ਹਰ ਅਹਮਦੀ ਦਾ ਫ਼ਰਜ਼ ਹੈ ਕਿ ਇਸਦੇ ਲਈ ਖ਼ਾਸ ਤੌਰ 'ਤੇ ਖ਼ੁਦ ਵੀ ਦੁਆ ਕਰੇ। ਆਪਣੇ ਮੁਲਕਾਂ ਲਈ ਵੀ ਅਤੇ ਦੁਨੀਆ ਦੇ ਆਮ ਗਾਲਾਤਾਂ ਅਤੇ ਜੰਗਾਂ ਦੀ ਸੂਰਤੇ ਹਾਲ ਲਈ ਵੀ ਦੁਆ ਕਰੋ। ਅੱਲਾਹ ਤਆਲਾ ਇਸਦੇ ਬੁਰੇ ਅਸਰਾਂ ਤੋਂ ਮਾਸੂਮਾਂ ਅਤੇ ਮਜ਼ਲੂਮਾਂ ਨੂੰ ਬਚਾਏ।

ਇਹ ਲੋਕ ਨਵੇਂ ਸਾਲ 'ਤੇ ਬੜੇ ਜਸ਼ਨ ਮਨਾਉਂਦੇ ਹਨ ਪਰ ਹਰ ਕੋਈ ਸਿਰਫ਼ ਆਪਣੀਆਂ ਖ਼ੁਸ਼ੀਆਂ ਦੇਖਦਾ ਹੈ। ਦੂਜਿਆਂ ਦੇ ਦਰਦ ਦਾ ਉਨ੍ਹਾਂ ਨੂੰ ਅਹਿਸਾਸ ਨਹੀਂ ਹੈ। ਤਾਕ਼ਤਵਰ ਕ਼ੌਮਾਂ, ਗ਼ਰੀਬ ਕ਼ੌਮਾਂ ਅਤੇ ਮਜ਼ਲੂਮ ਲੋਕਾਂ 'ਤੇ ਜ਼ੁਲਮ ਕਰਦੀਆਂ ਚਲੀਆਂ ਜਾ ਰਹੀਆਂ ਹਨ। ਅੱਲਾਹ ਤਆਲਾ ਇਸ ਨਵੇਂ ਸਾਲ ਵਿੱਚ ਇਨ੍ਹਾਂ ਸਭ ਤਾਕ਼ਤਵਰ ਕ਼ੌਮਾਂ ਦੇ ਮਨਸੂਬੇ ਮਿੱਟੀ ਵਿੱਚ ਮਿਲ਼ਾ ਦੇਵੇ ਅਤੇ ਅੱਲਾਹ ਤਆਲਾ ਦੀ ਵਹਦਾਨੀਅਤ ਨੂੰ ਅਸੀਂ ਦੁਨੀਆਂ ਵਿੱਚ ਕ਼ਾਇਮ ਹੁੰਦਾ ਦੇਖੀਏ। ਅੱਲਾਹ ਤਆਲਾ ਸਾਨੂੰ ਵੀ ਇਸਦੀ ਤੌਫ਼ੀਕ਼ ਦੇਵੇ। (ਆਮੀਨ)

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَ نَتَوَكَّلُ عَلَيْهِ وَنَعُوْذُبِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ۞وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَ رَسُوْلُهٗ۞عِبَادَ اللّٰهِ رَحِمَكُمُ اللّٰهِ إِنَّ اللّٰهَ يَأْمُرُ بِالْعَدْلِ وَالْإِحْسَانِ وَ إِيْتَآءِ ذِى الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ ۚ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ۞

ਖ਼ੁਲਾਸਾ ਖ਼ੁਤਬਾ ਜੁਮਆ ਦੇ ਪੰਜਾਬੀ ਅਨੁਵਾਦ ਨੂੰ ਹੋਰ ਸੋਹਣਾ ਬਣਾਉਣ ਲਈ ਆਪਣੇ ਸੁਝਾਅ ਜ਼ਰੂਰ ਦਿਓ ਜੀ।
ਸੁਝਾਅ ਭੇਜਣ ਦਾ ਪਤਾ:MurabbiAatir@Gmail.Com।ਜਜ਼ਾਕੱਲਾਹ।